BRAMPTON
Flower City
brampton.ca

Planning and Development Services
Building Division
8850 McLaughlin Road, Unit 1
Brampton, ON L6Y 5T1

# ਬਿਲਡਿੰਗ ਪਰਮਿਟ ਸਬੰਧੀ ਸ਼ਰਤਾਂ

## ਰਿਹਾਇਸ਼ੀ ਸੋਲਰ ਪੈਨਲ

**ਬਿਨੈਕਾਰ ਧਿਆਨ ਦੇਣ:** ਹੇਠਾਂ ਦਿੱਤੀ ਬਿਲਡਿੰਗ ਪਰਮਿਟ ਦੀ ਅਰਜ਼ੀ ਸਬੰਧੀ ਜਾਣਕਾਰੀ ਉਹਨਾਂ ਸੋਲਰ ਕਲੈਕਟਰਾਂ ਤੇ ਲਾਗੂ ਹੁੰਦੀ ਹੈ, ਜੋ ਡੀਟੈਚਡ ਜਾਂ ਸੈਮੀ-ਡੀਟੈਚਡ ਘਰਾਂ, ਫ੍ਰੀਹੋਲਡ ਟਾਊਨਹੋਮਸ, ਇੱਕ ਕਤਾਰ ਵਾਲੇ ਘਰਾਂ, ਡਿਊਪਲੈਕਸ ਅਤੇ ਲਾਈਵ-ਵਰਕ ਯੂਨਿਟਾਂ ਦੀ ਛੱਤ ਤੇ ਇੰਸਟਾਲ ਕੀਤਾ ਜਾ ਰਹੇ ਹਨ।

## ਬਿਲਡਿੰਗ ਪਰਮਿਟ ਅਰਜ਼ੀ

1. **ਬਿਲਡਿੰਗ ਪਰਮਿਟ ਲਈ ਪੂਰੀ ਕੀਤੀ ਅਰਜ਼ੀ ਵਿੱਚ** ਇਹ ਸ਼ਾਮਲ ਹੁੰਦਾ ਹੈ:
   - ਅਰਜ਼ੀ ਫਾਰਮ "ਉਸਾਰੀ ਕਰਨ ਜਾਂ ਢਾਹੁਣ ਲਈ ਪਰਮਿਟ"
   - ਸ਼ੈਡਿਊਲ 1: ਡਿਜ਼ਾਈਨਰ ਦੀ ਜਾਣਕਾਰੀ
   - ਲਾਗੂ ਕਨੂੰਨੀ ਜਾਂਚ ਸੂਚੀ

2. ਇਹਨਾਂ ਸਮੇਤ ਯੋਜਨਾਵਾਂ ਦੀਆਂ **ਦੋ (2) ਕਾਪੀਆਂ**:

   ਸੋਲਰ ਘਰੇਲੂ ਗਰਮ ਪਾਣੀ ਵਾਸਤੇ:
   - ਮੌਜੂਦਾ ਛੱਤ ਵਾਸਤੇ ਵਰਤੇ ਗਏ ਪੈਨਲਾਂ ਦੇ ਪਰਿਮਾਪ ਅਤੇ ਸੰਖਿਆ ਅਤੇ ਉਸਾਰੀ ਦੇ ਪ੍ਰਕਾਰ ਸਮੇਤ, ਪ੍ਰਸਤਾਵਿਤ ਸੋਲਰ ਕਲੈਕਟਰਾਂ ਦਾ ਸਥਾਨ ਵਿਖਾਉਂਦੇ ਹੋਏ ਛੱਤ ਦੀ ਯੋਜਨਾ (ਜਿਵੇਂ 24" o.c. ਤੇ ਉਸਾਰੀ ਕੀਤੀਆਂ ਥੰਮ੍ਹੀਆਂ ਜਾਂ ਛੱਤ ਦੀਆਂ ਕੜੀਆਂ / ਛਤੀਰਾਂ ਦੇ ਆਕਾਰ ਅਤੇ ਖਾਲੀ ਥਾਂ ਦੀ ਸੂਚੀ ਬਣਾਓ)
   - ਹੇਠਾਂ ਦਿੱਤੀ ਜਾਣਕਾਰੀ ਸ਼ਾਮਲ ਕਰਨ ਲਈ ਯੋਜਨਾ(ਵਾਂ) ਅਤੇ ਸੈਕਸ਼ਨ ਡ੍ਰਾਇੰਗਾਂ:
     (i) ਗਰਮ ਪਾਣੀ ਦਾ ਟੈਂਕ, ਸਰਕੂਲੇਸ਼ਨ ਪੰਪ ਅਤੇ ਹੀਟ ਐਕਸਚੇਂਜਰ ਦਾ ਸਥਾਨ ਵਿਖਾਉਣ ਵਾਲੀ ਫਰਸ਼ ਸਬੰਧੀ ਯੋਜਨਾ
     (ii) ਪ੍ਰਸਤਾਵਿਤ ਹੀਟ ਐਕਸਚੇਂਜਰ ਦਾ ਪ੍ਰਕਾਰ (ਸਿੰਗਲ ਜਾਂ ਦੂਹਰੀ ਕੰਧ ਆਦਿ)
     (iii) ਹੀਟ ਟ੍ਰਾਂਸਫਰ ਲਈ ਵਰਤਿਆ ਗਿਆ ਮੀਡੀਅਮ (ਜਿਵੇਂ ਗਲਾਈਕੋਲ ਦਾ ਪ੍ਰਕਾਰ)
     (iv) ਪਿੱਛੇ ਦੇ ਵਹਾਅ ਨੂੰ ਰੋਕਣ ਵਾਲੇ ਦੇ ਸਥਾਨ ਅਤੇ ਪ੍ਰਕਾਰ ਸਮੇਤ ਯੋਜਨਾਬੱਧ ਡ੍ਰਾਇੰਗਾਂ (ਜੇਕਰ ਲਾਗੂ ਹੋਵੇ)
   - ਸੋਲਰ ਕਨੈਕਟਰਾਂ ਅਤੇ ਮੌਜੂਦਾ ਛੱਤ ਨਾਲ ਉਹਨਾਂ ਦੇ ਕਨੈਕਸ਼ਨ ਦੀ ਉਸਾਰੀ ਦੇ ਵੇਰਵੇ ਅਤੇ ਢਾਂਚਾਗਤ ਇੰਜੀਨੀਅਰ ਤੋਂ ਇਹ ਪੁਸ਼ਟੀ ਕਿ ਕਲੈਕਟਰ ਅਤੇ ਸਬੰਧਿਤ ਉਪਕਰਨ ਦੀ ਇੰਸਟਾਲੇਸ਼ਨ ਦਾ ਅਸਰ ਛੱਤ ਦੇ ਮੌਜੂਦਾ ਢਾਂਚੇ ਤੇ ਪ੍ਰਤੀਕੂਲ ਅਸਰ ਨਹੀਂ ਪਾਵੇਗਾ।

   ਸੋਲਰ ਫੋਟੋਵੋਲਟਿਕ ਲਈ
   - ਮੌਜੂਦਾ ਛੱਤ ਵਾਸਤੇ ਵਰਤੇ ਗਏ ਪੈਨਲਾਂ ਦੇ ਪਰਿਮਾਪ ਅਤੇ ਸੰਖਿਆ ਅਤੇ ਉਸਾਰੀ ਦੇ ਪ੍ਰਕਾਰ ਸਮੇਤ, ਪ੍ਰਸਤਾਵਿਤ ਸੋਲਰ ਕਲੈਕਟਰਾਂ ਦਾ ਸਥਾਨ ਵਿਖਾਉਂਦੇ ਹੋਏ ਛੱਤ ਦੀ ਯੋਜਨਾ (ਜਿਵੇਂ 24" o.c. ਤੇ ਉਸਾਰੀ ਕੀਤੀਆਂ ਥੰਮ੍ਹੀਆਂ ਜਾਂ ਛੱਤ ਦੀਆਂ ਕੜੀਆਂ / ਛਤੀਰਾਂ ਦੇ ਆਕਾਰ ਅਤੇ ਖਾਲੀ ਥਾਂ ਦੀ ਸੂਚੀ ਬਣਾਓ)
   - ਸੋਲਰ ਕਨੈਕਟਰਾਂ ਅਤੇ ਮੌਜੂਦਾ ਛੱਤ ਨਾਲ ਉਹਨਾਂ ਦੇ ਕਨੈਕਸ਼ਨ ਦੀ ਉਸਾਰੀ ਦੇ ਵੇਰਵੇ ਅਤੇ ਢਾਂਚਾਗਤ ਇੰਜੀਨੀਅਰ ਤੋਂ ਇਹ ਪੁਸ਼ਟੀ ਕਿ ਕਲੈਕਟਰ ਅਤੇ ਸਬੰਧਿਤ ਉਪਕਰਨ ਦੀ ਇੰਸਟਾਲੇਸ਼ਨ ਦਾ ਅਸਰ ਛੱਤ ਦੇ ਮੌਜੂਦਾ ਢਾਂਚੇ ਤੇ ਪ੍ਰਤੀਕੂਲ ਅਸਰ ਨਹੀਂ ਪਾਵੇਗਾ।

3. **ਪਰਮਿਟ ਫੀਸ** $280.50

## ਬਿਲਡਿੰਗ ਪਰਮਿਟ ਜਾਰੀ ਕਰਨਾ

1. ਅਜਿਹੇ ਕਿਸੇ ਵੀ ਮੁੱਦਿਆਂ ਬਾਰੇ ਬਿਨੈਕਾਰ ਨੂੰ ਸੰਪਰਕ ਕਰਕੇ ਸੂਚਿਤ ਕੀਤਾ ਜਾਵੇਗਾ, ਜੋ ਜਮ੍ਹਾਂ ਕੀਤੀ ਅਰਜ਼ੀ ਅਤੇ ਸਹਾਇਕ ਦਸਤਾਵੇਜ਼ਾਂ ਦੀ ਸਮੀਖਿਆ ਦੇ ਦੌਰਾਨ ਪ੍ਰਗਟ ਹੁੰਦੇ ਹਨ। ਸਮੀਖਿਆ ਪੂਰੀ ਹੋਣ ਤੇ, ਬਿਨੈਕਾਰ ਨੂੰ ਟੈਲੀਫੋਨ ਰਾਹੀਂ ਸੰਪਰਕ ਕੀਤਾ ਜਾਵੇਗਾ ਅਤੇ ਪਰਮਿਟ ਜਾਰੀ ਕਰਨ ਲਈ ਕਿਸੇ ਵੀ ਜ਼ਰੂਰੀ ਕਾਰਵਾਈ ਬਾਰੇ ਦੱਸਿਆ ਜਾਵੇਗਾ।

**ਪਰਮਿਟਸ**
ਟੈਲੀਫੋਨ 905-874-2401
ਫੈਕਸ 905-874-2499

**ਇੰਸਪੈਕਸ਼ਨਸ**
ਟੈਲੀਫੋਨ 905-874-3700
ਫੈਕਸ 905-874-3763

**ਜ਼ੋਨਿੰਗ ਸੇਵਾਵਾਂ**
ਟੈਲੀਫੋਨ 905-874-2090
ਫੈਕਸ 905-874-2499